2023/04143
7/8/2023

ਪੰਜਾਬ ਸਕੂਲ ਸਿੱਖਿਆ ਬੋਰਡ

ਵੱਲ:

ਸਮੂਹ ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰ
ਪੰਜਾਬ ਰਾਜ।

ਨੰ: ਪਸਸਬ-ਸਸ(ਕਸ)2023/13559-60 ਮਿਤੀ 07/08/2023ਐਸ.ਏ.ਐਸ.ਨਗਰ

ਵਿਸ਼ਾ: ਦਸਵੀਂ ਅਤੇ ਬਾਰਵੀਂ/ ਸ਼੍ਰੇਣੀ ਅਗਸਤ 2023 ਦੀ ਸਪਲੀਮੈਂਟਰੀ ਪ੍ਰੀਖਿਆ ਦੇ ਪ੍ਰਸ਼ਨ ਪੱਤਰ ਬੈਂਕਾਂ ਦੀ ਸੇਫ ਕਸਟੱਡੀ ਵਿੱਚ ਰੱਖਣ ਅਤੇ ਪ੍ਰੀਖਿਆ ਵਾਲੇ ਦਿਨ ਬੈਂਕ ਤੋਂ ਪ੍ਰਾਪਤ ਕਰਨ ਸਬੰਧੀ।

ਸ੍ਰੀਮਾਨ ਜੀ,

1) ਦਸਵੀਂ ਅਤੇ ਬਾਰਵੀਂ ਸ਼੍ਰੇਣੀ ਅਗਸਤ 2023 ਦੀ ਸਪਲੀਮੈਂਟਰੀ ਪ੍ਰੀਖਿਆ ਮਿਤੀ 11.8.2023 ਤੋਂ 6.9.2023 ਤੱਕ ਨਾਲ ਨੱਥੀ ਡੇਟਸ਼ੀਟ ਅਨੁਸਾਰ ਕਰਵਾਈ ਜਾ ਰਹੀ ਹੈ।

2) ਜਿਲਾ ਮੈਨੇਜਰ ਖੇਤਰੀ ਦਫਤਰ ਦੀ ਟੀਮ ਆਪਣੀ ਨਿਗਰਾਨੀ ਹੇਠ ਦਸਵੀਂ ਅਤੇ ਬਾਰਵੀਂ ਸ਼੍ਰੇਣੀ ਦੇ ਪ੍ਰਸ਼ਨ ਪੱਤਰ ਮਿਤੀ 8.8.2023 ਤੋਂ 9.8.2023 ਤੱਕ ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰ ਨੂੰ ਪ੍ਰਾਪਤ ਕਰਵਾਕੇ ਆਪਣੀ ਹਾਜਰੀ ਵਿੱਚ ਮੁੱਖ ਦਫਤਰ ਵੱਲੋਂ ਭੇਜੇ ਗਏ ਚਲਾਨ ਨਾਲ ਮਿਲਾਨ ਕਰਵਾ ਕੇ ਬੈਂਕ ਵਿੱਚ ਰਖਵਾਉਣਗੇ। ਕੇਵਲ ਕੇਂਦਰ ਕੰਟਰੋਲਰ ਕਮ ਪ੍ਰਿੰਸੀਪਲ ਹੀ ਬੈਂਕ ਵਿੱਚੋਂ ਪ੍ਰਸ਼ਨ ਪੱਤਰ ਪ੍ਰਾਪਤ ਕਰਨਗੇ।

3) ਪ੍ਰਸ਼ਨ ਪੱਤਰ ਪ੍ਰਾਪਤ ਕਰਨ ਉਪਰੰਤ ਜੇਕਰ ਕਿਸੇ ਵਿਸ਼ੇ ਦੇ ਪ੍ਰਸ਼ਨ ਪੱਤਰ ਘੱਟ ਹਨ ਜਾਂ ਪ੍ਰਾਪਤ ਨਹੀਂ ਹੋਏ ਹਨ ਤਾਂ ਇਸ ਬਾਰੇ ਪ੍ਰਸ਼ਨ ਪੱਤਰ ਪ੍ਰਾਪਤ ਕਰਨ/ਬੈਂਕ ਵਿੱਚ ਰਖਵਾਉਣ ਸਮੇਂ ਹੀ ਆਪ ਸੁਪਰਡੰਟ (ਕ.ਸ/ਕੰਨਫੀ.) ਦੇ ਮੋਬਾਇਲ ਨੰਬਰ 9888835052 ਜਾਂ Landline no- 0172-5227333 ਅਤੇ ਸਬੰਧਤ ਜ਼ਿਲ੍ਹੇ ਦੇ ਡੀਲਿੰਗ ਸਹਾਇਕਾਂ ਦੇ whatsapp ਗਰੁੱਪ ਵਿੱਚ ਅਤੇ ਕਾਰਜ ਸੰਚਾਲਨ ਸ਼ਾਖਾ ਦੀ ਈ-ਮੇਲ ਆਈ ਡੀ. conductpseb@gmail.com ਤੇ ਮੁੱਖ ਦਫਤਰ ਨੂੰ ਸੂਚਿਤ ਕੀਤਾ ਜਾਵੇ।

4) ਪ੍ਰਸ਼ਨ ਪੱਤਰ ਪ੍ਰਾਪਤ ਕਰਨ ਵਾਲਾ ਅਧਿਕਾਰੀ (ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰ) ਸਕੂਲ ਦੇ ਲੈਟਰ ਪੈਡ ਜਿਸ ਉੱਤੇ ਉਸ ਵੱਲੋਂ ਹਸਤਾਖਰ ਕੀਤੇ ਹੋਣ ਅਤੇ ਸ਼ਨਾਖਤੀ ਕਾਰਡ ਬੈਂਕ ਵਿੱਚ ਪੇਸ਼ ਕਰੇਗਾ ਅਤੇ ਇਹਨਾਂ ਦੀ ਕਾਪੀ ਬੈਂਕ ਵਿੱਚ ਜਮ੍ਹਾਂ ਕਰਵਾਏਗਾ ਅਤੇ ਜਿਲੇ ਨਾਲ ਸਬੰਧਤ ਸਹਾਇਕ ਦੇ ਮੁਬਾਇਲ / whatsapp ਗਰੁੱਪ ਤੇ ਭੇਜਣਗੇ।

5) ਦਸਵੀਂ ਅਤੇ ਬਾਰਵੀਂ ਸ਼੍ਰੇਣੀ ਦੇ ਪ੍ਰਸ਼ਨ ਪੱਤਰ ਸਵੇਰੇ 9.00 ਵਜੇ (ਪ੍ਰੀਖਿਆ ਵਾਲੇ ਦਿਨ) ਕੇਵਲ ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰਜ਼ ਵੱਲੋਂ ਹੀ ਬੈਂਕ ਤੋਂ ਪ੍ਰਾਪਤ ਕੀਤੇ ਜਾਣ। ਨਾ ਟਾਲਣਯੋਗ ਹਲਾਤਾਂ ਵਿੱਚ ਜੇਕਰ ਕੇਂਦਰ ਕੰਟਰੋਲਰ ਵੱਲੋਂ ਆਪਣੀ ਡਿਊਟੀ ਤਬਦੀਲ ਕਰਨੀ ਹੈ ਤਾਂ ਉਹ ਆਪਣੇ ਸਬੰਧਤ ਜ਼ਿਲਾ ਡੀਲਿੰਗ ਸੁਪਰਡੈਂਟ, ਸਹਾਇਕ ਸਕੱਤਰ (ਕ.ਸ) ਤੋਂ ਲਿਖਤੀ ਪ੍ਰਵਾਨਗੀ ਲੈਣਗੇ। ਪ੍ਰਵਾਨਗੀ ਮਿਲਣ ਉਪਰੰਤ ਹੀ ਡਿਊਟੀ ਤਬਦੀਲ ਕੀਤੀ ਜਾਵੇਗੀ।

6) ਵਿਲੱਖਣ ਸਮਰੱਥਾ ਵਾਲੇ ਪਰੀਖਿਆਰਥੀਆਂ (DA Code) ਲਈ ਪ੍ਰੀਖਿਆ ਕੇਂਦਰ ਵਿੱਚ ਪ੍ਰਸ਼ਨ ਪੱਤਰਾਂ ਦਾ ਪੈਕਟ ਜਦੋਂ ਖੋਲਿਆ ਜਾਣਾ ਹੈ ਤਾਂ ਉਸ ਸਮੇਂ ਮੋਬਾਇਲ ਦੀ ਲੋਕੇਸ਼ਨ ਆਨ ਕਰਕੇ ਰਿਕਾਰਡਿੰਗ ਕੀਤੀ ਜਾਵੇ।

7) ਦਸਵੀਂ ਅਤੇ ਬਾਰਵੀਂ ਸ਼੍ਰੇਣੀ ਦੇ ਪ੍ਰਸ਼ਨ ਪੱਤਰ ਇੱਕ ਹੀ ਟਰੰਕ ਵਿੱਚ ਰੱਖੇ ਜਾਣ, ਟਰੰਕ ਦੇ ਇੱਕ ਤਾਲੇ ਦੀ ਚਾਬੀ ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰ ਕੋਲ ਰੱਖੀ ਜਾਵੇ ਅਤੇ ਦੂਜੇ ਤਾਲੇ ਦੀ ਚਾਬੀ ਬੈਂਕ ਮੈਨੇਜਰ ਕੋਲ ਹੀ ਰੱਖੀ ਜਾਵੇ।

8) ਡੇਟਸ਼ੀਟ ਨਾਲ ਮਿਲਾਨ ਕਰਨ ਉਪਰੰਤ ਪਰੀਖਿਆ ਵਾਲੇ ਦਿਨ ਡੇਟਸ਼ੀਟ ਅਤੇ ਵਿਸ਼ਾ ਕੋਡ ਦਾ ਮਿਲਾਨ ਕਰਕੇ ਉਸੇ ਵਿਸ਼ੇ ਦਾ ਪ੍ਰਸ਼ਨ ਪੱਤਰ ਪ੍ਰਾਪਤ ਕੀਤਾ ਜਾਵੇ, ਸੀਲਡ ਪ੍ਰਸ਼ਨ ਪੱਤਰ ਪੈਕਟ ਦੀ ਫੋਟੋ ਮੁੱਖ ਦਫਤਰ ਵਿਖੇ ਸਬੰਧਤ ਜਿਲੇ ਦੇ ਸੀਨੀਅਰ ਸਹਾਇਕ ਨਾਲ ਕੇਂਦਰ ਕੰਟਰੋਲਰਜ਼ ਦੇ ਬਣੇ whats app ਗਰੁੱਪ ਵਿੱਚ ਅਪਲੋਡ ਕੀਤੀ ਜਾਵੇ। ਬੈਂਕ ਵਿੱਚ ਰੱਖੇ ਰਜਿਸਟਰ ਵਿੱਚ ਵਿਸ਼ੇ ਦਾ ਨਾਂ, ਕੋਡ ਨੰਬਰ ਅਤੇ ਪ੍ਰਸ਼ਨ ਪੱਤਰ ਪ੍ਰਾਪਤ ਕਰਨ ਦਾ ਸਮਾਂ ਦਰਜ ਕੀਤਾ ਜਾਵੇ ਅਤੇ ਆਪਣੇ ਹਸਤਾਖਰ ਵੀ ਕੀਤੇ ਜਾਣ। ਬੈਂਕ ਤੋਂ ਰਸੀਦ ਵੀ ਲਈ ਜਾਵੇ।

9) ਕੇਂਦਰ ਕੰਟਰੋਲਰ ਦਸਵੀਂ / ਬਾਰਵੀਂ ਦੀ ਪਰੀਖਿਆ ਸ਼ੁਰੂ ਹੋਣ ਤੋਂ ਅੱਧਾ ਘੰਟਾ ਪਹਿਲਾਂ ਪ੍ਰਸ਼ਨ ਪੱਤਰਾਂ ਦੇ ਸੀਲਡ ਪੈਕਟ ਪਰੀਖਿਆ ਕੇਂਦਰ ਵਿੱਚ ਪਹੁੰਚਾਉਣਾ ਯਕੀਨੀ ਬਣਾਉਣਗੇ ਅਤੇ ਕੇਂਦਰ ਸੁਪਰਡੰਟ ਨੂੰ ਸੌਂਪਣ ਸਮੇਂ ਦੀ ਫੋਟੋ ਮੁੱਖ ਦਫਤਰ ਵਿੱਚ ਸਬੰਧਤ ਜਿਲਾ ਡੀਲਿੰਗ ਸਹਾਇਕ ਨਾਲ ਬਣਾਏ whats app ਗਰੁੱਪ ਵਿੱਚ ਅਪਲੋਡ ਕਰੇਗਾ।

10) ਸਰਕਾਰ ਵੱਲੋਂ ਸਮੇਂ-ਸਮੇਂ ਤੇ ਜਾਰੀ ਕੋਵਿਡ-19 ਸਬੰਧੀ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

11) ਇਸ ਕਾਰਜ ਲਈ ਆਪਜੀ ਦੇ ਸਹਿਯੋਗ ਦੀ ਸਖਤ ਜਰੂਰਤ ਹੈ। ਕਿਸੇ ਵੀ ਤਰਾਂ ਦੀ ਜਾਣਕਾਰੀ ਲਈ ਮੁੱਖ ਦਫਤਰ ਵਿਖੇ ਸਬੰਧਤ ਸੁਪਰਡੈਂਟਜ਼ ਦੇ ਫੋਨ ਨੰ: 0172-5227333, 303, 338 339, 340 ਤੇ ਜਾਂ ਸਹਾਇਕ ਸਕੱਤਰ (ਕ.ਸ) ਦੇ ਫੋਨ ਨੰ 0172/5227334 ਤੇ ਸੰਪਰਕ ਕੀਤਾ ਜਾਵੇ।

12) ਕੇਵਲ ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰ ਹੀ ਬੈਂਕ ਵਿੱਚੋਂ ਪ੍ਰਸ਼ਨ ਪੱਤਰ ਬੈਂਕ ਵਿੱਚੋਂ ਪ੍ਰਾਪਤ ਕਰਨਗੇ ਅਤੇ ਕੇਂਦਰ ਸੁਪਰਡੈਂਟ ਨੂੰ ਸੌਂਪਣਗੇ ਅਤੇ ਜੇਕਰ ਇਸ ਦੀ ਉਲੰਘਣਾ ਕੀਤੀ ਜਾਂਦੀ ਹੈ ਜਾਂ ਉਪਰੋਕਤ ਲੜੀ ਨੰ 1 ਤੋਂ 11 ਤੱਕ ਦਰਜ ਹਦਾਇਤਾਂ ਦੀ ਪਾਲਣਾ ਨਹੀਂ ਕੀਤੀ ਜਾਂਦੀ ਤਾਂ ਸਬੰਧਤ ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰ ਸਖਤ ਵਿਭਾਗੀ ਅਤੇ ਬਣਦੀ ਪੁਲਿਸ ਕਾਰਵਾਈ ਦੇ ਵੀ ਭਾਗੀਦਾਰ ਹੋਣਗੇ।

ਨੱਥੀ:ਡੇਟਸ਼ੀਟ

ਸਹੀ/-
ਸਹਾਇਕ ਸਕੱਤਰ (ਕੰਡਕਟ)
ਪੰਜਾਬ ਸਕੂਲ ਸਿੱਖਿਆ ਬੋਰਡ।

ਪਿੱਠ ਅੰਕਣ ਨੰ:ਪਸਸਬ-ਸਸ(ਕਸ)2023/13560 ਮਿਤੀ 07/08/2023ਐਸ.ਏ.ਐਸ.ਨਗਰ

ਉਤਾਰਾ:ਸਮੂਹ ਜਿਲਾ ਸਿੱਖਿਆ ਅਫਸਰ /ਮੈਨੇਜਰ, ਖੇਤਰੀ ਦਫਤਰ, ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸਹਾਇਕ ਸਕੱਤਰ (ਕੰਡਕਟ)
ਪੰਜਾਬ ਸਕੂਲ ਸਿੱਖਿਆ ਬੋਰਡ
2023

Scanned with OKEN Scanner

# ਪੰਜਾਬ ਸਕੂਲ ਸਿੱਖਿਆ ਬੋਰਡ

## ਡੇਟ ਸ਼ੀਟ (ਲਿਖਤੀ)

ਦਸਵੀਂ ਸ਼੍ਰੇਣੀ ਅਗਸਤ 2023 ਅਨੁਪੂਰਕ ਪ੍ਰੀਖਿਆ (ਸਮੇਤ ਓਪਨ ਸਕੂਲ), ਵਾਧੂ ਵਿਸ਼ਾ ਅਤੇ ਵੱਖ-ਵੱਖ ਕਾਰਨਾਂ ਕਰਕੇ ਪਰੀਖਿਆ ਦੇਣ ਤੋਂ ਰਹਿ ਗਏ ਪਰੀਖਿਆਰਥੀਆਂ ਦੀ ਮੁੜ ਪਰੀਖਿਆ ਸਵੇਰ ਦੇ ਸੈਸ਼ਨ ਵਿਚ ਹੋਵੇਗੀ।

1. ਪ੍ਰੀਖਿਆ ਸਵੇਰੇ 10:00 ਵਜੇ ਤੋਂ 01:15 ਵਜੇ ਤੱਕ ਹੋਵੇਗੀ।
2. ਪ੍ਰੀਖਿਆਰਥੀਆਂ ਨੂੰ OMR ਸ਼ੀਟ ਭਰਨ ਲਈ 15 ਮਿੰਟ ਦਾ ਵਾਧੂ ਸਮਾਂ ਦਿੱਤਾ ਜਾਂਦਾ ਹੈ।
3. ਵਿਲੱਖਣ ਸਮਰੱਥਾ (Hearing Impaired (HI), Intellectual Disability (ID), Visually Impaired (VI), Autism Spectrum Disorder (ASD), Cerebral Palsy, Chronic Neurological Conditions, Specific Learning Disability, Multiple Disabilities including Deaf-blindness, Parkinson's Disease and Mental Illness ਪ੍ਰੀਖਿਆਰਥੀਆਂ ਨੂੰ ਵੱਖਰਾ ਪ੍ਰਸ਼ਨ-ਪੱਤਰ (DA ਕੋਡ) ਦਿੱਤਾ ਜਾਵੇਗਾ। ਵਿਲੱਖਣ ਸਮਰੱਥਾ ਵਾਲੇ ਸਾਰੇ ਪ੍ਰੀਖਿਆਰਥੀਆਂ ਨੂੰ ਪੇਪਰ ਹੱਲ ਕਰਨ ਲਈ ਹਰੇਕ ਇੱਕ ਘੰਟੇ ਪਿੱਛੇ 20 ਮਿੰਟ ਦਾ ਵਾਧੂ ਸਮਾਂ ਦਿੱਤਾ ਜਾਣਾ ਹੈ ਅਤੇ ਲੋੜ ਅਨੁਸਾਰ ਅਜਿਹੇ ਪ੍ਰੀਖਿਆਰਥੀਆਂ ਨੂੰ ਲਿਖਾਰੀ (scribe) ਦੀ ਸੁਵਿਧਾ ਵੀ ਉਪਲਬਧ ਹੈ।

ਨੋਟ :- ਕੋਵਿਡ-19 ਆਦਿ ਨੂੰ ਧਿਆਨ ਵਿੱਚ ਰੱਖਦਿਆ ਪ੍ਰੀਖਿਆਵਾਂ ਕਰਵਾਈਆਂ ਜਾਣਗੀਆਂ।

| ਮਿਤੀ | ਦਿਨ | ਵਿਸ਼ਾ/ਵਿਸ਼ੇ (ਵਿਸ਼ਾ ਕੋਡ) |
|---|---|---|
| 11/08/2023 | ਸ਼ੁੱਕਰਵਾਰ | ਪੰਜਾਬੀ-ਏ (01), ਪੰਜਾਬ ਦਾ ਇਤਿਹਾਸ ਤੇ ਸੱਭਿਆਚਾਰ-ਏ (07), |
| 14/08/2023 | ਸੋਮਵਾਰ | ਅੰਗਰੇਜ਼ੀ (02) |
| 16/08/2023 | ਬੁੱਧਵਾਰ | ਵਿਗਿਆਨ (05) |
| 17/08/2023 | ਵੀਰਵਾਰ | ਸਮਾਜਿਕ ਵਿਗਿਆਨ (06) |
| 18/08/2023 | ਸ਼ੁੱਕਰਵਾਰ | ਸੰਗੀਤ (ਗਾਇਨ) (30), |
| 19/08/2023 | ਸਨਿੱਚਰਵਾਰ | ਕੰਪਿਊਟਰ ਸਾਇੰਸ (63) |
| 21/08/2023 | ਸੋਮਵਾਰ | ਗਣਿਤ (04) |
| 22/08/2023 | ਮੰਗਲਵਾਰ | ਮਕੈਨੀਕਲ ਡਰਾਇੰਗ ਅਤੇ ਚਿੱਤਰਕਲਾ(28) |
| 23/08/2023 | ਬੁੱਧਵਾਰ | ਪੰਜਾਬੀ-ਬੀ (72), ਪੰਜਾਬ ਦਾ ਇਤਿਹਾਸ ਅਤੇ ਸੱਭਿਆਚਾਰ-ਬੀ (73) |
| 24/08/2023 | ਵੀਰਵਾਰ | ਹਿੰਦੀ (03), ਉਰਦੂ (ਹਿੰਦੀ ਦੀ ਥਾਂ) (71) |
| 25/08/2023 | ਸ਼ੁੱਕਰਵਾਰ | ਖੇਤੀਬਾੜੀ (35) |
| 28/08/2023 | ਸੋਮਵਾਰ | ਸਵਾਗਤ ਜ਼ਿੰਦਗੀ (92) |
| 29/08/2023 | ਮੰਗਲਵਾਰ | ਗ੍ਰਹਿ ਵਿਗਿਆਨ (33) |
| 30/08/2023 | ਬੁੱਧਵਾਰ | ਸਿਹਤ ਅਤੇ ਸਰੀਰਕ ਸਿੱਖਿਆ (08) |
| 31/08/2023 | ਵੀਰਵਾਰ | ਸੰਗੀਤ ਤਬਲਾ (32) |
| 01/09/2023 | ਸ਼ੁੱਕਰਵਾਰ | ਸਿਹਤ ਵਿਗਿਆਨ(70) |
| 02/09/2023 | ਸ਼ਨਿੱਚਰਵਾਰ | ਸੰਗੀਤ ਵਾਦਨ (31) |
| 04/09/2023 | ਸੋਮਵਾਰ | ਕਟਾਈ ਅਤੇ ਸਿਲਾਈ(29)<br>ਭਾਸ਼ਾਵਾਂ:-ਸੰਸਕ੍ਰਿਤ(09), ਉਰਦੂ(10), ਫਰੈਂਚ (15), ਜਰਮਨ(16)<br>ਪ੍ਰੀ-ਵੋਕੇਸ਼ਨਲ:- ਕੰਪਿਊਟਰ ਸਾਇੰਸ (ਪ੍ਰੀ: ਵੋਕੇਸ਼ਨਲ) (34), ਰਿਪੇਅਰ ਐਂਡ ਮੈਨਟੀਨੈਂਸ ਆਫ ਹਾਊਸ ਹੋਲਡ ਇਲੈਕਟਰੀਕਲ ਅਪਲਾਇੰਸਿਜ਼(38), ਇਲੈਕਟ੍ਰਾਨਿਕ ਟੈਕਨਾਲੋਜੀ(39), ਖੇਤੀ ਪਾਵਰ ਮਸ਼ੀਨਾਂ ਦੀ ਦੇਖਭਾਲ ਅਤੇ ਮੁਰੰਮਤ (40), ਨਿਟਿੰਗ (ਹੈਂਡ ਐਂਡ ਮਸ਼ੀਨ(47), ਇੰਜੀਨੀਅਰਿੰਗ ਡਰਾਫਟਿੰਗ ਐਂਡ ਡੁਪਲੀਕੇਟਿੰਗ(48), ਫੂਡ ਪ੍ਰੀਜ਼ਰਵੇਸ਼ਨ(49), ਮੈਨੂਫੈਕਚਰਿੰਗ ਆਫ ਲੈਦਰ ਗੁੱਡਜ (54)<br>ਐਨ.ਐਸ.ਕਿਊ.ਐਫ ਵਿਸ਼ੇ :- ਪ੍ਰਚੂਨ (76), ਆਟੋਮੋਬਾਈਲ (78), ਸਿਹਤ ਸੰਭਾਲ (79), ਸੂਚਨਾ ਤਕਨਾਲੋਜੀ (80), ਸੁਰੱਖਿਆ (81), ਖ਼ੂਬਸੂਰਤੀ ਤੇ ਤੰਦਰੁਸਤੀ (82), ਯਾਤਰਾ ਤੇ ਸੈਰਸਪਾਟਾ (86), ਸਰੀਰਕ ਸਿੱਖਿਆ ਅਤੇ ਖੇਡਾ (87), ਖੇਤੀਬਾੜੀ(88), ਅਪੈਰਲ (89), ਉਸਾਰੀ (90), ਪਲੰਬਿੰਗ (91), ਪਾਵਰ (93) |

ਪਰਤੋ ਜੀ

Scanned with OKEN Scanner

1 ਜੇਕਰ ਕਿਸੇ ਪ੍ਰੀਖਿਆਰਥੀ ਦਾ ਗ੍ਰੇਡਿੰਗ ਵਾਲੇ ਚੋਣਵੇਂ ਵਿਸ਼ਿਆਂ ਵਿਚੋਂ ਕਿਸੇ ਵਿਸ਼ੇ / ਵਿਸ਼ਿਆਂ ਦਾ ਕੋਈ ਪੇਪਰ ਕਲੈਸ਼ ਕਰਦਾ ਹੈ ਤਾਂ ਉਸਦੀ ਪ੍ਰਤੀ ਬੇਨਤੀ ਤੇ ਮੁੜ ਪ੍ਰੀਖਿਆ ਕਰਵਾ ਦਿੱਤੀ ਜਾਵੇਗੀ।

2 ਆਨ ਦਾ ਜਾਬ ਟ੍ਰੇਨਿੰਗ ਦੀ ਲਿਖਤੀ ਪ੍ਰੀਖਿਆ ਨਹੀਂ ਲਈ ਜਾਣੀ। ਆਨ ਦਾ ਜਾਬ ਟ੍ਰੇਨਿੰਗ ਸਕੂਲ ਪੱਧਰ ਤੇ ਹੀ ਸਬੰਧਤ ਅਧਿਆਪਕ ਵੱਲੋਂ ਆਪਣੀ ਸੁਵਿਧਾ ਅਨੁਸਾਰ ਲਈ ਜਾਵੇਗੀ।

3. ਪ੍ਰੀਖਿਆ ਕੇਂਦਰ ਦੀ ਹੱਦ ਵਿੱਚ ਮੋਬਾਇਲ ਫੋਨ ਆਦਿ ਦੀ ਵਰਤੋਂ / ਕੋਲ ਰੱਖਣ ਦੀ ਮਨਾਹੀ ਹੈ।

4. ਐਨ.ਐੱਸ.ਕਿਊ.ਐਫ ਅਧੀਨ ਲਿਖਤੀ ਪ੍ਰੀਖਿਆ ਤੋਂ ਤੁਰੰਤ ਬਾਅਦ 7 ਦਿਨ ਦੀ ਆਨ ਦਾ ਜਾਬ ਟਰੇਨਿੰਗ ਹੋਵੇਗੀ, ਜਿਸ ਲਈ ਸਬੰਧਤ ਸਕੂਲ ਮੁੱਖੀ ਲੋੜੀਂਦੇ ਪ੍ਰਬੰਧ ਕਰਨ ਦੀ ਕ੍ਰਿਪਾਲਤਾ ਕਰਨ।

| ਕੇਂਦਰ ਕੰਟਰੋਲਰ / ਕੇਂਦਰ ਸੁਪਰਡੰਟ ਪ੍ਰਸ਼ਨ-ਪੱਤਰਾਂ ਦੀ ਘਾਟ ਸਬੰਧੀ ਪੁੱਛਗਿੱਛ ਕਰਨ ਲਈ। | | | |
|---|---|---|---|
| ਅਧਿਕਾਰੀ ਦਾ ਅਹੁੱਦਾ | ਸੰਪਰਕ ਫੋਨ ਨੰ:ਦਫ਼ਤਰ | ਕੰਟਰੋਲ ਰੂਮ | ਈ ਮੇਲ-ਆਈ.ਡੀ |
| ਕੰਟਰੋਲਰ ਪ੍ਰੀਖਿਆਵਾਂ | 0172-5227141,142 | 5227136<br>5227137,138 | controllerpseb@gmail.com |
| ਰੋਲ ਨੰਬਰਾਂ / ਪ੍ਰਸ਼ਨ ਪੱਤਰ ਘੱਟ ਜਾਂ ਨਾ ਪ੍ਰਾਪਤ ਹੋਣ ਅਤੇ ਹਸਤਾਖਰ ਚਾਰਟ ਸਬੰਧੀ ਪੁੱਛਗਿੱਛ ਕਰਨ ਲਈ ਹੇਠ ਦਰਜ ਇੰਟਰਕੌਮ ਨੰਬਰ ਅਤੇ ਮੋਬਾਈਲ ਨੰਬਰਾਂ ਤੇ ਸਬੰਧਤ ਸੁਪਰਡੰਟ ਨਾਲ ਸੰਪਰਕ ਕੀਤਾ ਜਾਵੇ। ਸੂਚਨਾ ਹੇਠ ਲਿਖੀ ਈ-ਮੇਲ ਆਈ.ਡੀ. 'ਤੇ ਭੇਜੀ ਜਾਵੇ:- | | | |
| ਉੱਪ ਸਕੱਤਰ (ਦਸਵੀਂ) | 0172-5227324 | | |
| ਸਹਾਇਕ ਸਕੱਤਰ (ਦਸਵੀਂ) | 0172-5227284 | | matricsecrecy.pseb@punjab.gov.in |
| ਸਾਰੇ ਜਿਲ੍ਹੇ, ਸਮੇਤ ਓਪਨ ਸਕੂਲ ਅਤੇ ਸੁਪਰਡੰਟਾਂ ਦੇ ਇੰਟਰਕੌਮ ਅਤੇ ਮੋਬਾਈਲ ਨੰਬਰ | ❖ ਅੰਮ੍ਰਿਤਸਰ, ਬਠਿੰਡਾ, ਬਰਨਾਲਾ, - 0172-5227274 ਮੋ: 9417850261<br>❖ ਬਰਨਾਲਾ, ਫਿਰੋਜ਼ਪੁਰ, ਫਾਜਿਲਕਾ, ਫਤਿਹਗੜ੍ਹ ਸਾਹਿਬ, ਫਰੀਦਕੋਟ, ਗੁਰਦਾਸਪੁਰ, ਬਠਿੰਡਾ, ਹੁਸ਼ਿਆਰਪੁਰ - 0172-5227275 ਮੋ: 9417850261, 9814820003<br>❖ ਜਲੰਧਰ, ਕਪੂਰਥਲਾ, ਲੁਧਿਆਣਾ, ਹੁਸ਼ਿਆਰਪੁਰ-0172-5227277, 276 ਮੋ: 9781653070, 9463200398, 9780523021<br>❖ ਲੁਧਿਆਣਾ, ਮਾਨਸਾ, ਮੋਗਾ, ਸ੍ਰੀ ਮੁਕਤਸਰ ਸਾਹਿਬ - 0172-5227278 ਮੋ: 9814820003<br>❖ ਐਸ.ਬੀ.ਐਸ.ਨਗਰ, ਪਠਾਨਕੋਟ, ਪਟਿਆਲਾ, ਰੋਪੜ, ਐਸ.ਏ.ਐਸ.ਨਗਰ, ਚੰਡੀਗੜ੍ਹ ਅਤੇ ਦੂਜੇ ਰਾਜ - 0172-5227292 ਮੋ: 9041564052<br>❖ ਸੰਗਰੂਰ, ਤਰਨਤਾਰਨ - 0172-5227293 ਮੋ: 9465386378 | | |
| ਉੱਪ ਸਕੱਤਰ (ਕਾਰਜ ਸੰਚਾਲਨ/ਬਾਰ੍ਹਵੀਂ)/ ਸਹਾਇਕ ਸਕੱਤਰ (ਕਾਰਜ ਸੰਚਾਲਨ) | 0172-5227334 | | |
| ਸੁਪਰਡੰਟ(ਕੰਨਫੀਡੈਂਸ਼ਲ ਹਾਲ) | 0172-5227333 ਮੋ: 9888835052 | | |
| ਸੁਪਰਡੰਟ (ਕੰਨਸੋਲੀਡੇਸ਼ਨ) | 0172-5227340 ਮੋ: 9876270399 | | |

(ਸਭ ਹੱਕ ਰਾਖਵੇਂ ਹਨ)

31/07/23
ਮਨਮੀਤ ਸਿੰਘ ਭੱਠਲ
ਉੱਪ-ਸਕੱਤਰ (ਬਾਰ੍ਹਵੀਂ/ਕੰਡਕਟ)

ਸਾਹਿਬਜ਼ਾਦਾ ਅਜੀਤ ਸਿੰਘ ਨਗਰ
ਮਿਤੀ: 31/07/23

Scanned with OKEN Scanner

## ਪੰਜਾਬ ਸਕੂਲ ਸਿੱਖਿਆ ਬੋਰਡ
## ਸੀਨੀਅਰ ਸੈਕੰਡਰੀ ਸ਼੍ਰੇਣੀ ਅਗਸਤ-2023 (ਲਿਖਤੀ)

ਸਾਲਾਨਾ ਸ਼੍ਰੇਣੀ ਅਗਸਤ-2023 ਅਨੁਪੂਰਕ ਪ੍ਰੀਖਿਆ, ਰੀਅਪੀਅਰ / ਈ.ਆਈ.ਓ.ਪੀ (ਸਰੋਤ ਓਪਨ ਸਕੂਲ), ਵਾਧੂ ਵਿਸ਼ਾ ਅਤੇ ਵੱਖ-ਵੱਖ ਕਾਰਨਾਂ ਕਰਕੇ ਪ੍ਰੀਖਿਆ ਦੇਣ ਤੋਂ ਰਹਿ ਗਏ ਪ੍ਰੀਖਿਆਰਥੀਆਂ ਦੀ ਮੁੜ ਪ੍ਰੀਖਿਆ ਸਕੀਮ ਦੇ ਮੁਤਾਬਿਕ ਵਿੱਚ ਕਰਵਾਈ ਜਾ ਰਹੀ ਹੈ।

1. ਪ੍ਰੀਖਿਆ ਦਾ ਸਮਾਂ ਸਵੇਰੇ 10:00 ਵਜੇ ਤੋਂ 01:15 ਵਜੇ ਤੱਕ ਹੋਵੇਗਾ।
2. ਪ੍ਰੀਖਿਆਰਥੀਆਂ ਨੂੰ OMR ਸ਼ੀਟ ਭਰਨ ਲਈ 15 ਮਿੰਟ ਦਾ ਵਾਧੂ ਸਮਾਂ ਦਿੱਤਾ ਜਾਂਦਾ ਹੈ।
3. ਵਿਸ਼ੇਸ਼ ਸ਼੍ਰੇਣੀ (Hearing Impaired (HI), Intellectual Disability (ID), Visually Impaired (VI), Autism Spectrum Disorder (ASD), Cerebral Palsy, Chronic Neurological Conditions, Specific Learning Disability, Multiple Disabilities including Deaf-blindness, Parkinson's Disease and Mental Illness ਪ੍ਰੀਖਿਆਰਥੀਆਂ ਨੂੰ ਵੱਖਰਾ ਪ੍ਰਸ਼ਨ-ਪੱਤਰ (DA ਕੋਡ) ਦਿੱਤਾ ਜਾਵੇਗਾ। ਵਿਲੱਖਣ ਸਮਰੱਥਾ ਵਾਲੇ ਸਾਰੇ ਪ੍ਰੀਖਿਆਰਥੀਆਂ ਨੂੰ ਪੇਪਰ ਹੱਲ ਕਰਨ ਲਈ ਹਰੇਕ ਘੰਟੇ ਪਿੱਛੇ 20 ਮਿੰਟ ਦਾ ਵਾਧੂ ਸਮਾਂ ਦਿੱਤਾ ਜਾਂਦਾ ਹੈ ਅਤੇ ਲੋੜ ਅਨੁਸਾਰ ਅਜਿਹੇ ਪ੍ਰੀਖਿਆਰਥੀਆਂ ਨੂੰ ਲਿਖਾਰੀ (scribe) ਦੀ ਸੁਵਿਧਾ ਵੀ ਉਪਲੱਬਧ ਹੈ।

ਨੋਟ:-ਕੋਵਿਡ-19 ਸਬੰਧੀ ਸਰਕਾਰ ਦੀਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

| ਮਿਤੀ ਅਤੇ ਦਿਨ | ਹਿਊਮੈਨਟੀਜ਼ ਗਰੁੱਪ-1 | ਸਾਇੰਸ ਗਰੁੱਪ-2 | ਕਾਮਰਸ ਗਰੁੱਪ-3 | ਐਗਰੀਕਲਚਰ ਗਰੁੱਪ-4 |
|---|---|---|---|---|
| 11/08/2023 ਸ਼ੁੱਕਰਵਾਰ | ਜਨਰਲ ਪੰਜਾਬੀ(002), ਪੰਜਾਬ ਹਿਸਟਰੀ ਐਂਡ ਕਲਚਰ (003) | ਜਨਰਲ ਪੰਜਾਬੀ(002), ਪੰਜਾਬ ਹਿਸਟਰੀ ਐਂਡ ਕਲਚਰ (003) | ਜਨਰਲ ਪੰਜਾਬੀ(002), ਪੰਜਾਬ ਹਿਸਟਰੀ ਐਂਡ ਕਲਚਰ (003) | ਜਨਰਲ ਪੰਜਾਬੀ(002), ਪੰਜਾਬ ਹਿਸਟਰੀ ਐਂਡ ਕਲਚਰ (003) |
| 14/08/2023 ਸੋਮਵਾਰ | ਜਨਰਲ ਅੰਗਰੇਜ਼ੀ (001) | ਜਨਰਲ ਅੰਗਰੇਜ਼ੀ (001) | ਜਨਰਲ ਅੰਗਰੇਜ਼ੀ (001) | ਜਨਰਲ ਅੰਗਰੇਜ਼ੀ (001) |
| 16/08/2023 ਬੁੱਧਵਾਰ | ਰਾਜਨੀਤੀ ਸ਼ਾਸਤਰ (031) | ਫਜ਼ਿਕਸ (052) | | ਫਜ਼ਿਕਸ (052) |
| 17/08/2023 ਵੀਰਵਾਰ | ਹਿਸਟਰੀ (025) | ਕਮਿਸਟਰੀ(053) | ਬਿਜਨਸ ਇਕਨਾਮਿਕਸ ਐਂਡ ਕੁਐਂਟੀਟੇਟਿਵ ਮੈਥਡਸ-II (143) ਕੇਵਲ ਕੰਪਾਰਟਮੈਂਟ ਲਈ | ਕਮਿਸਟਰੀ(053) |
| 18/08/2023 ਸ਼ੁੱਕਰਵਾਰ | ਫਿਜ਼ੀਕਲ ਐਜੂਕੇਸ਼ਨ ਐਂਡ ਸਪੋਰਟਸ (049) ਬਿਜਨਸ ਸਟੱਡੀਜ਼ -II (141) | | ਬਿਜਨਸ ਸਟੱਡੀਜ਼ -II (141) | |
| 19/08/2023 ਸ਼ਨਿੱਚਰਵਾਰ | ਯੋਗਾ (040), ਡਿਫੈਂਸ ਸਟੱਡੀਜ਼ (043), ਐਗਰੀਕਲਚਰ-(065), ਨੈਸ਼ਨਲ ਕੈਡਿਟ ਕੋਪਸ (209) | ਐਗਰੀਕਲਚਰ-(065) ਨੈਸ਼ਨਲ ਕੈਡਿਟ ਕੋਪਸ (209) | ਨੈਸ਼ਨਲ ਕੈਡਿਟ ਕੋਪਸ (209) | ਐਗਰੀਕਲਚਰ-(065) ਨੈਸ਼ਨਲ ਕੈਡਿਟ ਕੋਪਸ (209) |
| 21/08/2023 ਸੋਮਵਾਰ | ਇਕਨਾਮਿਕਸ (026), | ਇਕਨਾਮਿਕਸ (026), | ਇਕਨਾਮਿਕਸ (026) | ਇਕਨਾਮਿਕਸ (026), |
| 22/08/2023 ਮੰਗਲਵਾਰ | ਰਿਲੀਜਨ (035), ਫਰੈਂਚ (023), ਜਰਮਨ (024) | ਬਾਇਓਲੋਜੀ (054) | | |
| 23/08/2023 ਬੁੱਧਵਾਰ | ਗਣਿਤ (028) | ਗਣਿਤ (028) | ਗਣਿਤ (028) | ਗਣਿਤ (028) |
| 24/08/2023 ਵੀਰਵਾਰ | ਸੋਸ਼ਿਆਲੋਜੀ (032), ਪਬਲਿਕ ਐਡਮਨਿਸਟਰੇਸ਼ਨ (033) | | | |
| 25/08/2023 ਸ਼ੁੱਕਰਵਾਰ | ਪੰਜਾਬੀ ਚੋਣਵੀਂ (004), ਹਿੰਦੀ ਚੋਣਵੀਂ (005) ਅੰਗਰੇਜ਼ੀ ਚੋਣਵੀਂ (006), ਉਰਦੂ (007) ਕੰਪਿਊਟਰ ਐਪਲੀਕੇਸ਼ਨ (072) | ਕੰਪਿਊਟਰ ਐਪਲੀਕੇਸ਼ਨ (072) | ਕੰਪਿਊਟਰ ਐਪਲੀਕੇਸ਼ਨ (072) ਫੰਡਾਮੈਂਟਲਜ਼ ਆਫ ਈ-ਬਿਜ਼ਨਸ (144) | ਕੰਪਿਊਟਰ ਐਪਲੀਕੇਸ਼ਨ (072) |
| 28/08/2023 ਸੋਮਵਾਰ | ਫਿਲਾਸਫੀ (041), ਹਿਸਟਰੀ ਐਂਡ ਐਪਰੀਸੀਏਸ਼ਨ ਆਫ ਆਰਟਸ (050), ਜਿਓਗ੍ਰਾਫੀ (019), ਗੁਰਮਤਿ ਸੰਗੀਤ (039) ਸਾਇਕੋਲੋਜੀ (044) ਮਿਊਜ਼ਿਕ (ਵੋਕਲ) (036) | ਜਿਓਗ੍ਰਾਫੀ (019) | | |
| 29/08/2023 ਮੰਗਲਵਾਰ | ਸਵਾਗਤ ਜ਼ਿੰਦਗੀ (210) | ਸਵਾਗਤ ਜ਼ਿੰਦਗੀ (210) | ਸਵਾਗਤ ਜ਼ਿੰਦਗੀ (210) | ਸਵਾਗਤ ਜ਼ਿੰਦਗੀ (210) |
| 30/08/2023 ਬੁੱਧਵਾਰ | ਵਾਤਾਵਰਣ ਸਿੱਖਿਆ (139) | ਵਾਤਾਵਰਣ ਸਿੱਖਿਆ (139) | ਵਾਤਾਵਰਣ ਸਿੱਖਿਆ (139) | ਵਾਤਾਵਰਣ ਸਿੱਖਿਆ (139) |
| 31/08/2023 ਵੀਰਵਾਰ | ਮਿਊਜ਼ਿਕ ਇੰਸਟਰੂਮੈਂਟਲ (037) | | | |

Scanned with OKEN Scanner

| | | | | |
|---|---|---|---|---|
| 01/09/2023 ਸ਼ੁੱਕਰਵਾਰ | ਮੀਡੀਆ ਸਟੱਡੀਜ਼ (150)<br><br>ਐਨ.ਐਸ.ਕਿਊ.ਐਫ ਵਿਸ਼ੇ:- ਪ੍ਰਚੂਨ (196), ਆਟੋਮੋਬਾਈਲ (197), ਸਿਹਤ ਸੰਭਾਲ (198), ਸੂਚਨਾ ਤਕਨਾਲੋਜੀ (199), ਸੁਰੱਖਿਆ (200), ਖੂਬਸੂਰਤੀ ਤੇ ਤੰਦਰੁਸਤੀ (201), ਯਾਤਰਾ ਅਤੇ ਸੈਰ ਸਪਾਟਾ (202), ਸਰੀਰਕ ਸਿੱਖਿਆ ਅਤੇ ਖੇਡਾਂ (203), ਖੇਤੀਬਾੜੀ (ਐਨ.ਐੱਸ.ਕਿਊ.ਐੱਫ.) (204), ਅਪੈਰਲ (206), ਉਸਾਰੀ (207), ਪਲੰਬਿੰਗ (208) ਪਾਵਰ (218) | | ਮੀਡੀਆ ਸਟੱਡੀਜ਼(150) | |
| 02/09/2023 ਸ਼ਨਿੱਚਰਵਾਰ | ਕੰਪਿਊਟਰ ਸਾਇੰਸ (146) | ਕੰਪਿਊਟਰ ਸਾਇੰਸ (146) | ਕੰਪਿਊਟਰ ਸਾਇੰਸ (146) | ਕੰਪਿਊਟਰ ਸਾਇੰਸ (146) |
| 04/09/2023 ਸੋਮਵਾਰ | ਮਿਊਜ਼ਿਕ (ਤਬਲਾ) (038) | | | |
| 05/09/2023 ਮੰਗਲਵਾਰ | ਹੋਮ ਸਾਇੰਸ (045) | ਹੋਮ ਸਾਇੰਸ (045) | | |
| 06/09/2023 ਬੁੱਧਵਾਰ | ਜੋਗਰਫੀ (042) ਅਕਾਊਂਟੈਂਸੀ-II (142) | ਜੋਗਰਫੀ (042) | ਅਕਾਊਂਟੈਂਸੀ-II (142) | ਜੋਗਰਫੀ (042) |

Scanned with OKEN Scanner

# ਡੇਟਸ਼ੀਟ ਬਾਰ੍ਹਵੀਂ ਸ਼੍ਰੇਣੀ ਅਗਸਤ-2023 (ਲਿਖਤੀ)

## (ਵੋਕੇਸ਼ਨਲ ਵਿਸ਼ੇ)

1. ਪ੍ਰੀਖਿਆਰਥੀਆਂ ਨੂੰ OMR ਸ਼ੀਟ ਭਰਨ ਲਈ 15 ਮਿੰਟ ਦਾ ਵਾਧੂ ਸਮਾਂ ਦਿੱਤਾ ਜਾਂਦਾ ਹੈ।
2. ਪ੍ਰੀਖਿਆ ਦਾ ਸਮਾਂ ਸਵੇਰੇ 10.00 ਵਜੇ ਤੋਂ 01:15 ਵਜੇ ਤੱਕ ਹੋਵੇਗਾ।
3. ਵਿਸ਼ੇਸ਼ ਸਮਰੱਥਾ (Hearing Impaired (HI), Intellectual Disability (ID), Visually Impaired (VI), Autism Spectrum Disorder (ASD), Cerebral Palsy, Chronic Neurological Conditions, Specific Learning Disability, Multiple Disabilities Including Deaf-blindness, Parkinson's Disease and Mental Illness ਪ੍ਰੀਖਿਆਰਥੀਆਂ ਨੂੰ ਵੱਖਰਾ ਪ੍ਰਸ਼ਨ-ਪੱਤਰ (DA ਕੋਡ) ਦਿੱਤਾ ਜਾਵੇਗਾ। ਵਿਸ਼ੇਸ਼ ਸਮਰੱਥਾ ਵਾਲੇ ਸਾਰੇ ਪ੍ਰੀਖਿਆਰਥੀਆਂ ਨੂੰ ਪੇਪਰ ਹੱਲ ਕਰਨ ਲਈ ਹਰੇਕ ਇੱਕ ਘੰਟੇ ਪਿੱਛੇ 20 ਮਿੰਟ ਦਾ ਵਾਧੂ ਸਮਾਂ ਦਿੱਤਾ ਜਾਂਦਾ ਹੈ ਅਤੇ ਲੋੜ ਅਨੁਸਾਰ ਅਜਿਹੇ ਪ੍ਰੀਖਿਆਰਥੀਆਂ ਨੂੰ ਲਿਖਾਰੀ (scribe) ਦੀ ਸੁਵਿਧਾ ਵੀ ਉਪਲੱਬਧ ਹੈ।

| ਮਿਤੀ ਅਤੇ ਦਿਨ | ਐਗਰੀਕਲਚਰ ਗਰੁੱਪ | ਬਿਜ਼ਨਸ ਐਂਡ ਕਾਮਰਸ ਗਰੁੱਪ | ਹੋਮ ਸਾਇੰਸ ਗਰੁੱਪ | ਇੰਜੀਨੀਅਰਿੰਗ ਐਂਡ ਟੈਕਨਾਲੋਜੀ ਗਰੁੱਪ |
|---|---|---|---|---|
| 11/08/2023 ਸ਼ੁੱਕਰਵਾਰ | ਜਨਰਲ ਪੰਜਾਬੀ(002), ਪੰਜਾਬ ਹਿਸਟਰੀ ਐਂਡ ਕਲਚਰ(003) | ਜਨਰਲ ਪੰਜਾਬੀ(002), ਪੰਜਾਬ ਹਿਸਟਰੀ ਐਂਡ ਕਲਚਰ(003) | ਜਨਰਲ ਪੰਜਾਬੀ(002), ਪੰਜਾਬ ਹਿਸਟਰੀ ਐਂਡ ਕਲਚਰ(003) | ਜਨਰਲ ਪੰਜਾਬੀ(002), ਪੰਜਾਬ ਹਿਸਟਰੀ ਐਂਡ ਕਲਚਰ(003) |
| 14/08/2023 ਸੋਮਵਾਰ | ਜਨਰਲ ਅੰਗਰੇਜ਼ੀ (001) | ਜਨਰਲ ਅੰਗਰੇਜ਼ੀ (001) | ਜਨਰਲ ਅੰਗਰੇਜ਼ੀ (001) | ਜਨਰਲ ਅੰਗਰੇਜ਼ੀ (001) |
| 16/08/2023 ਬੁੱਧਵਾਰ | ਜਨਰਲ ਫਾਊਂਡੇਸ਼ਨ ਕੋਰਸ (138) | ਜਨਰਲ ਫਾਊਂਡੇਸ਼ਨ ਕੋਰਸ (138) | ਜਨਰਲ ਫਾਊਂਡੇਸ਼ਨ ਕੋਰਸ (138) | ਜਨਰਲ ਫਾਊਂਡੇਸ਼ਨ ਕੋਰਸ (138) |
| 28/08/2023 ਸੋਮਵਾਰ | ਪੋਸਟ ਹਾਰਵੈਸਟ ਟੈਕਨਾਲੋਜੀ ਐਂਡ ਪਰੀਜ਼ਰਵੇਸ਼ਨ (075), ਕਮਰਸ਼ੀਅਲ ਕਰੌਪਸ (073), ਲੈਂਡ ਸਕੇਪਿੰਗ ਐਂਡ ਫਲੋਰੀਕਲਚਰ (074) | ਆਫਿਸ ਮੈਨੇਜਮੈਂਟ (211), ਐਡਵਾਂਸ ਐਂਡ ਫਾਰਨ ਐਕਸਚੇਂਜ (216), ਇਨਸ਼ੋਰੈਂਸ ਲੈਜਿਸਲੇਸ਼ਨ- II (170), ਮਾਰਕੀਟਿੰਗ ਮੈਨੇਜਮੈਂਟ- II (173), ਟੈਕਨੋਲੋਜੀ ਐਂਡ ਈ-ਕਾਮਰਸ- II (182), ਐਪਲੀਕੇਸ਼ਨ ਆਫ ਮੈਨੇਜਮੈਂਟ (188), ਪ੍ਰਿੰਸੀਪਲਜ਼ ਆਫ ਮੈਨੇਜਮੈਂਟ- II (191) ਸ਼ਾਰਟਹੈਂਡ (ਅੰਗਰੇਜ਼ੀ/ਪੰਜਾਬੀ) (214) ਮੈਨੇਜੀਰੀਅਲ ਇਕਨਾਮਿਕਸ ਐਂਡ ਸਟੈਟਿਸਟਿਕ (215), ਪ੍ਰਿੰਸੀਪਲਜ਼ ਐਂਡ ਪਰੈਕਟਿਸਿਜ਼ ਆਫ ਇਨਸ਼ੋਰੈਂਸ (169)- II, ਐਡਵਾਂਸਡ ਮੈਨੇਜਮੈਂਟ- II (172), ਮੈਨੇਜਮੈਂਟ II (181), ਬੁੱਕ ਕੀਪਿੰਗ-II (187), ਐਲੀਮੈਂਟਸ ਆਫ ਬੁੱਕ ਕੀਪਿੰਗ- II (190), ਅਕਾਊਂਟਿੰਗ ਐਂਡ ਈ-ਕਾਮਰਸ (213) ਟਾਈਪੋਗ੍ਰਾਫੀ-II (ਟਾਈਪ-ਰਾਈਟਿੰਗ ਅੰਗਰੇਜ਼ੀ / ਪੰਜਾਬੀ ) (212) ਇੰਟਰੋਡਕਸ਼ਨ ਟੂ ਕੰਪਿਊਟਰ ਐਪਲੀਕੇਸ਼ਨ (217), ਇਨਸ਼ੋਰੈਂਸ ਸੇਲਜ਼ਮੈਨਸ਼ਿਪ-II (171), ਸੇਲਜ਼ਮੈਨਸ਼ਿਪ-II (174), ਇੰਪੋਰਟ ਮੈਨੇਜਮੈਂਟ (183), ਕੋ-ਅਪਰੇਟਿਵ ਮੈਨੇਜਮੈਂਟ-II (189), ਫੰਡਾਮੈਂਟਲਜ਼ ਆਫ ਇਕਨਾਮੈਟ੍ਰਿਕਸ -II (192) | ਫੂਡ ਪੈਕੇਜਿੰਗ (094), ਯੂਨਿਟ ਮੈਨੇਜਮੈਂਟ (097), ਟੈਕਸਟਾਈਲ ਯਾਰਨ ਕੰਸਟ੍ਰਕਸ਼ਨਜ਼ ਐਂਡ ਗਾਰਮੈਂਟ ਮੇਕਿੰਗ (100), ਪਾਵਰ ਲੂਮ ਮਕੈਨਿਕਸ ਐਂਡ ਓਪਰੇਸ਼ਨਜ਼(103), ਟੈਕਸਟਾਈਲ ਡਾਇੰਗ- II (106) ਫੂਡ ਪ੍ਰੋਸੈਸਿੰਗ (092), ਡਰੈਸ ਮੇਕਿੰਗ (095), ਫੈਸ਼ਨਡ ਨਿਟਵੀਅਰ (098), ਫੈਬਰਿਕ ਸਟਰੱਕਚਰ ਐਂਡ ਡਿਜ਼ਾਈਨਿੰਗ ( 101), ਟੈਕਸਟਾਈਲ ਡਿਜ਼ਾਈਨਿੰਗ ਐਂਡ ਪ੍ਰਿੰਟਿੰਗ ( 104) ਪਲਾਂਟ ਮੈਨੇਜਮੈਂਟ(093), ਕਮਰਸ਼ੀਅਲ ਕਲਾਥਿੰਗ(096), ਸਰਕੂਲਰ ਨਿਟਿੰਗ (099), ਟੈਕਸਟਾਈਲ ਟੈਸਟਿੰਗ ਐਂਡ ਡਾਇੰਗ (102), ਟੈਕਸਟਾਈਲ ਟੈਸਟਿੰਗ ਐਂਡ ਫਿਨਿਸ਼ਿੰਗ (105) | ਮਟੀਰੀਅਲਜ਼ ਐਂਡ ਵਰਕਸ਼ਾਪ ਪ੍ਰੈਕਟਿਸ- II (109), ਇਲੈਕਟ੍ਰਾਨਿਕਸ ਡਿਵਾਈਸ ਐਂਡ ਸਰਕਟਸ (112), ਆਟੋ ਮੋਬਾਇਲ ਸਸਪੈਨਸ਼ਨ ਐਂਡ ਕੰਟਰੋਲਜ਼(124), ਇੰਜਨੀਅਰਿੰਗ ਡਰਾਇੰਗ- II (113), ਮਕੈਨੀਕਲ ਡਰਾਇੰਗ- II (118), ਨੈੱਟਵਰਕਿੰਗ (127), ਐਲੀਮੈਂਟਸ ਆਫ ਇਲੈਕਟ੍ਰੀਕਲ ਟੈਕਨਾਲੋਜੀ (107), ਡਿਜੀਟਲ ਇਲੈਕਟ੍ਰਾਨਿਕਸ ਐਂਡ ਕਮਿਊਨੀਕੇਸ਼ਨ (110), ਵਰਕਸ਼ਾਪ ਪ੍ਰੈਕਟਿਸ- II (114), ਫਿਟਿੰਗ ਐਂਡ ਵੈਲਡਿੰਗ (116), ਵਰਕਸ਼ਾਪ ਟੈਕਨਾਲੋਜੀ (122), ਔਬਜੈਕਟ ਓਰੀਐਂਟਡ ਪ੍ਰੋਗਰਾਮਿੰਗ ਇਨ ਸੀ++ (125), ਇਲੈਕਟ੍ਰੀਕਲ ਡੋਮੈਸਟਿਕ ਐਪਲਾਇੰਸਿਜ਼- II (108), ਟੈਸਟ ਐਂਡ ਮਈਅਰਿੰਗ ਇੰਸਟਰੂਮੈਂਟਸ (111), ਕਨਸਟਰਕਸ਼ਨ ਮਟੀਰੀਅਲ ਐਂਡ ਐਸਟੀਮੇਟ (115), ਮਸ਼ੀਨ ਟੂਲ ਓਪਰੇਸ਼ਨਜ਼ (117), ਗਰਾਜ ਪ੍ਰੈਕਟਿਸ ਐਂਡ ਮੈਨੇਜਮੈਂਟ (123), ਡੈਸਕ ਟੌਪ ਪਬਲਿਸ਼ਿੰਗ (126) |
| 29/08/2023 ਮੰਗਲਵਾਰ | ਸਵਾਗਤ ਜ਼ਿੰਦਗੀ (210) | ਸਵਾਗਤ ਜ਼ਿੰਦਗੀ (210) | ਸਵਾਗਤ ਜ਼ਿੰਦਗੀ (210) | ਸਵਾਗਤ ਜ਼ਿੰਦਗੀ (210) |
| 30/08/2023 ਬੁੱਧਵਾਰ | ਵਾਤਾਵਰਣ ਸਿੱਖਿਆ (139) | ਵਾਤਾਵਰਣ ਸਿੱਖਿਆ (139) | ਵਾਤਾਵਰਣ ਸਿੱਖਿਆ (139) | ਵਾਤਾਵਰਣ ਸਿੱਖਿਆ (139) |
| 02/09/2023 ਸ਼ਨਿੱਚਰਵਾਰ | ਕੰਪਿਊਟਰ ਸਾਇੰਸ (146) | ਕੰਪਿਊਟਰ ਸਾਇੰਸ (146) | ਕੰਪਿਊਟਰ ਸਾਇੰਸ (146) | ਕੰਪਿਊਟਰ ਸਾਇੰਸ (146) |

1. ਜਨਰਲ ਸਟਰੀਮ ਦੇ ਡਰਾਇੰਗ ਐਂਡ ਪੇਂਟਿੰਗ, ਕਮਰਸ਼ੀਅਲ ਆਰਟ, ਮਾਡਲਿੰਗ ਐਂਡ ਸਕਲੱਪਚਰ ਵਿਸ਼ਿਆਂ ਦਾ ਕੋਈ ਲਿਖਤੀ ਪੇਪਰ ਨਹੀਂ ਹੋਵੇਗਾ।
2. ਪ੍ਰੀਖਿਆਰਥੀ ਇਕਨਾਮਿਕਸ ਅਤੇ ਸਾਇੰਸ ਵਿਸ਼ਿਆਂ ਦੇ ਡਾਇਗਰਾਮਾਂ ਲਈ ਰੰਗਦਾਰ ਪੈਨਸਲ ਦੀ ਵਰਤੋਂ ਕਰ ਸਕਦੇ ਹਨ।
3. ਜਨਰਲ ਫਾਊਂਡੇਸ਼ਨ ... ਦੀ ਕੋਈ ਲਿਖਤੀ ਪ੍ਰੀਖਿਆ ਨਹੀਂ ਹੋਵੇਗੀ।
4. ਵੋਕੇਸ਼ਨਲ ਸਟਰੀਮ ਦੀ ਲਿਖਤੀ ਪ੍ਰੀਖਿਆ ਤੋਂ ਬਾਅਦ ਲਗਾਈ ਜਾਂਦੀ ਆਨ ਦਾ ਜਾਬ ਟ੍ਰੇਨਿੰਗ ਦੀਆਂ ਮਿਤੀਆਂ ਸਬੰਧੀ ਸੂਚਨਾ ਬੋਰਡ ਦੀ ਵੈੱਬਸਾਈਟ ਤੇ ਉਪਲੱਬਧ ਕਰਵਾ ਦਿੱਤੀ ਜਾਵੇਗੀ।

Scanned with OKEN Scanner

5. ਐਨ.ਐਸ.ਕਿਊ.ਐਫ ਅਧੀਨ ਲਿਖਤੀ ਪ੍ਰੀਖਿਆ ਤੋਂ ਤੁਰੰਤ ਬਾਅਦ 7 ਦਿਨ ਦੀ ਆਨ ਦਾ ਜਾਬ ਟਰੇਨਿੰਗ ਹੋਵੇਗੀ, ਜਿਸ ਲਈ ਸਬੰਧਤ ਸਕੂਲ ਮੁੱਖੀ ਲੋੜੀਂਦੇ ਪ੍ਰਬੰਧ ਕਰਨ ਦੀ ਕ੍ਰਿਪਾਲਤਾ ਕਰਨ।

6. ਪ੍ਰੀਖਿਆ ਕੇਂਦਰ ਦੀ ਹੱਦ ਵਿੱਚ ਮੋਬਾਇਲ ਫੋਨ ਆਦਿ ਦੀ ਵਰਤੋਂ / ਕੋਲ ਰੱਖਣ ਦੀ ਮਨਾਹੀ ਹੈ।

7. ਜੇਕਰ ਕਿਸੇ ਪ੍ਰੀਖਿਆਰਥੀ ਦਾ ਚੋਣਵੇਂ ਵਿਸ਼ੇ ਦਾ ਕੋਈ ਪੇਪਰ ਕਲੈਸ਼ ਕਰਦਾ ਹੈ ਤਾਂ ਉਸ ਦੀ ਪ੍ਰਤੀ ਬੇਨਤੀ ਤੇ ਮੁੜ ਪ੍ਰੀਖਿਆ ਕਰਵਾ ਦਿੱਤੀ ਜਾਵੇਗੀ।

| ਕੇਂਦਰ ਕੰਟਰੋਲਰ / ਕੇਂਦਰ ਸੁਪਰਡੰਟ ਪ੍ਰਸ਼ਨ-ਪੱਤਰਾਂ ਦੀ ਘਾਟ ਸਬੰਧੀ ਪੁੱਛਗਿੱਛ ਕਰਨ ਲਈ। | | | |
|---|---|---|---|
| ਅਧਿਕਾਰੀ ਦਾ ਅਹੁੱਦਾ | ਸੰਪਰਕ ਫੋਨ ਨੰ:ਦਫ਼ਤਰ | ਕੰਟਰੋਲ ਰੂਮ | ਈ ਮੇਲ-ਆਈ ਡੀ. |
| ਕੰਟਰੋਲਰ ਪ੍ਰੀਖਿਆਵਾਂ | 0172-5227141<br>0172-5227142 | 5227136<br>5227137,138 | controllerpseb@gmail.com |
| ਉੱਪ ਸਕੱਤਰ (ਬਾਰ੍ਹਵੀਂ) | 0172-5227114 | | srsecconduct.pseb@punjab.gov.in |
| ਸਹਾਇਕ ਸਕੱਤਰ (ਬਾਰ੍ਹਵੀਂ) | 0172-5227305 | | examsrsec@pseb.ac.in |
| ਸਹਾਇਕ ਸਕੱਤਰ (ਕਾਰਜ ਸੰਚਾਲਨ) | 0172-5227334 | | conductpseb@gmail.com |
| ਸੁਪਰਡੰਟ (ਕੰਨਫੀਡੈਂਸ਼ਲ ਹਾਲ) | 0172-5227333 ਮੋ: 9888835052 | | |
| ਸੁਪਰਡੰਟ (ਕੰਨਸੋਲੀਡੇਸ਼ਨ) | 0172-5227340 ਮੋ: 9876270399 | | |

| ਰੋਲ ਨੰਬਰਾਂ ਅਤੇ ਪ੍ਰਸ਼ਨ ਪੱਤਰਾਂ ਸਬੰਧੀ ਪੁੱਛਗਿੱਛ ਕਰਨ ਲਈ ਹੇਠ ਦਰਜ ਇੰਟਰਕੌਮ ਅਤੇ ਮੋਬਾਈਲ ਨੰਬਰ ਤੇ ਸਬੰਧਤ ਸੁਪਰਡੰਟ ਨਾਲ ਸੰਪਰਕ ਕੀਤਾ ਜਾਵੇ। | |
|---|---|
| ਸਾਰੇ ਜ਼ਿਲ੍ਹੇ, ਸਮੇਤ ਓਪਨ ਸਕੂਲ ਅਤੇ ਸੁਪਰਡੰਟ ਦੇ ਇੰਟਰਕੌਮ ਅਤੇ ਮੋਬਾਈਲ ਨੰਬਰ | ❖ ਅੰਮ੍ਰਿਤਸਰ, ਕਪੂਰਥਲਾ, ਮੋਗਾ - 0172-5227316 ਮੋ: 7986538358<br>❖ ਬਠਿੰਡਾ, ਹੁਸ਼ਿਆਰਪੁਰ -0172-5227315 ਮੋ : 9417182732<br>❖ ਪਟਿਆਲਾ, ਸੰਗਰੂਰ, ਬਰਨਾਲਾ, ਮਲੇਰਕੋਟਲਾ - 0172-5227314 ਮੋ : 9779924253<br>❖ ਐਸ ਏ ਐਸ ਨਗਰ, ਪਠਾਨਕੋਟ, ਐਸ ਬੀ ਐਸ ਨਗਰ, ਗੁਰਦਾਸਪੁਰ, ਚੰਡੀਗੜ੍ਹ ਅਤੇ ਦੂਜੇ ਰਾਜ-0172-5227317 ਮੋ: 9855251052<br>❖ ਜਲੰਧਰ, ਫਾਜ਼ਿਲਕਾ, ਮਾਨਸਾ - 0172-5227315 ਮੋ: 8427686383<br>❖ ਲੁਧਿਆਣਾ, ਫਿਰੋਜ਼ਪੁਰ - 0172-5227318 ਮੋ: 8872604427<br>❖ ਤਰਨ ਤਾਰਨ, ਫਰੀਦਕੋਟ, ਰੋਪੜ, ਮੁਕਤਸਰ, ਫਤਿਹਗੜ੍ਹ ਸਾਹਿਬ- 0172-5227374 ਮੋ: 9914407528 |

(ਸਭ ਹੱਕ ਰਾਖਵੇਂ ਹਨ)

31/07/23
ਮਨਮੀਤ ਸਿੰਘ ਭੱਠਲ
ਉੱਪ-ਸਕੱਤਰ (ਬਾਰ੍ਹਵੀਂ/ਕੰਡਕਟ)

ਸਾਹਿਬਜ਼ਾਦਾ ਅਜੀਤ ਸਿੰਘ ਨਗਰ
ਮਿਤੀ: 31/07/23

ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਬਠਿੰਡਾ
ਪਿੱਠ ਅੰਕਣ ਨੰ ਅ-7/1 ( ) 2023/719 ਮਿਤੀ:-7/8/23
ਇਸ ਪੱਤਰ ਦਾ ਉਤਾਰਾ ਜ਼ਿਲ੍ਹਾ ਬਠਿੰਡਾ ਦੇ ਸਰਕਾਰੀ/[illegible] ਸਕੂਲਾਂ ਨੂੰ ਸੂਚਨਾ ਅਤੇ ਪਾਲਣਾ ਹਿੱਤ ਭੇਜਿਆ ਜਾਂਦਾ ਹੈ।

ਜ਼ਿ.ਸਿ.ਅ (ਸੈ.ਸਿ.)
ਬਠਿੰਡਾ

Scanned with OKEN Scanner